# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ

ਫ਼ੋਨ ਨੰ:172-2623006, 2623207, 2620106 ਫੈਕਸ:0172-2624687 ਈ-ਮੇਲedusat.punjab@gmail.com


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।

ਨੰ. 24/68-PBS/Sat Complaints/TE/SPL-01
ਮਿਤੀ, ਚੰਡੀਗੜ੍ਹ: 15/10/09

ਵਿਸ਼ਾ: **ਐਜੂਸੈਟ ਨੈਟਵਰਕ ਦੀ ਆਡੀਓ ਕੁਆਲਿਟੀ ਠੀਕ ਰੱਖਣ ਲਈ ਜ਼ਰੂਰੀ ਹਦਾਇਤਾਂ ।**

ਐਜੂਸੈਟ ਹੱਬ ਵਿਖੇ ਐਸ.ਆਈ.ਟੀ. ਸੁਵਿਧਾ ਵਾਲੀਆਂ ਸੰਸਥਾਵਾਂ ਨੂੰ ਓਪਰੇਸ਼ਨਲ ਟ੍ਰੇਨਿੰਗ ਦਿੱਤੀ ਗਈ ਹੈ। ਜਿਸ ਵਿਚ ਐਸ.ਆਈ.ਟੀ. ਅਤੇ ਜਨਰੇਟਰ ਨੂੰ ਚਾਲੂ ਕਰਨ ਅਤੇ ਨੁਕਸ ਦੂਰ ਕਰਨ ਸਬੰਧੀ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ ਹੈ। ਇਸ ਟ੍ਰੇਨਿੰਗ ਦੇ ਬਾਵਜੂਦ ਵੀ ਦੇਖਣ ਵਿਚ ਆਇਆ ਹੈ ਕਿ ਕਈ ਐਸ.ਆਈ.ਟੀਜ਼ ਤੇ ਐਜੂਸੈਟ ਪ੍ਰੋਗਰਾਮ ਦੀ ਵਧੀਆ ਕੁਆਲਿਟੀ ਦੀ ਆਡੀਓ ਨਾ ਹੋਣ ਸਬੰਧੀ ਸ਼ਿਕਾਇਤਾਂ ਮਿਲਦੀਆਂ ਰਹਿੰਦੀਆ ਹਨ। ਆਡੀਓ ਕੁਆਲਿਟੀ ਵਧੀਆ ਨਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਟ੍ਰੇਨਿੰਗ ਦੌਰਾਨ ਦਿੱਤੀਆਂ ਗਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਹੁੰਦੀ ਖਾਸ ਕਰਕੇ ਐਂਪਲੀਫਾਇਰ ਦੀਆਂ ਸੈਟਿੰਗ ਵਾਰ-ਵਾਰ ਬਦਲ ਦਿੱਤੀਆਂ ਜਾਂਦੀਆਂ ਹਨ। ਕ੍ਰਿਪਾ ਕਰਕੇ ਆਪਣੇ ਜ਼ਿਲੇ ਦੇ ਐਸ.ਆਈ.ਟੀ. ਵਾਲੀਆਂ ਸੰਸਥਾਵਾਂ ਦੇ ਮੁਖੀਆਂ ਨੂੰ ਹਦਾਇਤ ਜਾਰੀ ਕੀਤੀ ਜਾਵੇ ਕਿ ਉਹ ਐਂਪਲੀਫਾਇਰ ਦੀ ਸੈਟਿੰਗ ਨਿਮਨਲਿਖਿਤ ਅਨੁਸਾਰ ਹੀ ਰੱਖਣ ਅਤੇ ਹੱਬ ਵਲੋਂ ਟੈਕਨੀਕਲ ਇੰਜੀਨੀਅਰ ਦੀ ਸਲਾਹ ਤੋਂ ਬਿਨਾਂ ਇਸ ਨੂੰ ਤਬਦੀਲ ਨਾ ਕਰਨ।

- ਨੌਬ ਡੀ.1, ਡੀ.2, ਡੀ.3 ਅਤੇ ਡੀ.4 ਨੂੰ ਜ਼ੀਰੋ (0) ਤੇ ਰੱਖੋ।
- ਸਿਲੈਕਟ ਨੌਬ ਨੂੰ (ਔਗਜਲਰੀ ਨਿਸ਼ਾਨ ਤੇ ਰੱਖੋ)
- ਲਾਈਨ ਵਾਲੀ ਨੌਬ ਨੂੰ (70 ਡਿਗਰੀ ਤੇ ਰੱਖੋ)
- ਟਰੇਬਲ ਵਾਲੀ ਨੌਬ ਨੂੰ ਫੁੱਲ ਤੇ ਰੱਖੋ
- ਬਾਸ ਵਾਲੀ ਨੌਬ ਨੂੰ ਜੀਰੋ (0) ਤੇ ਰੱਖੋ
- ਮਾਸਟਰ ਨੌਬ ਨੂੰ ਲੋੜ ਮੁਤਾਬਿਕ ਰੱਖੋ
- ਸੀ.ਪੀ.ਯੂ. ਤੋਂ ਐਮਪਲੀਫਾਇਰ ਤੱਕ ਆਉਣ ਵਾਲੇ ਕੇਬਲ ਦੇ 2 ਕੁਨੈਕਟਰਾਂ ਨੂੰ ਔਗਜਲਰੀ ਨੌਬ (ਐਮਪਲੀਫਾਇਰ ਦੇ ਪਿਛਲੇ ਪਾਸੇ ਲਗਾਓ)
- ਸਪੀਕਰ ਤੋਂ ਆਉਂਦੀਆਂ ਲਾਲ ਕੇਬਲਾਂ ਨੂੰ ਐਮਪਲੀਫਾਇਰ ਦੇ ਪਿਛਲੇ ਪਾਸੇ 100 ਵੋਲਟ ਤੇ ਅਤੇ ਕਾਲੀਆਂ ਕੇਬਲਾਂ ਨੂੰ ਜ਼ੀਰੋ (0) ਵੋਲਟ ਤੇ ਲਗਾਓ
- ਐਮਪਲੀਫਾਈ ਦੇ ਪਿੱਛੇ ਦੋ ਕਾਲੇ ਬਟਨਾਂ ਨੂੰ ਲਾਈਨ ਵਾਲੀ ਸਾਈਡ ਤੇ ਰੱਖੋ।

**ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**